**ਇਸ ਪਾਲਸੀ ਵਿੱਚ, ਨਿਵੇਸ਼-ਸੂਚੀ ਵਿੱਚ ਨਿਵੇਸ਼ ਕਰਨ ਦਾ ਜੋਖਮ ਪਾਲਸੀਧਾਰਕ ਦੁਆਰਾ ਝੱਲਿਆ ਜਾਂਦਾ ਹੈ।**
**"ਯੂਨਿਟ ਲਿੰਕਡ ਬੀਮਾ ਪ੍ਰੋਡਕਟ ਇਕਰਾਰਨਾਮੇ ਦੇ ਪਹਿਲੇ ਪੰਜ ਸਾਲਾਂ ਦੌਰਾਨ ਪੈਸੇ ਕਢਵਾਉਣ ਦੀ ਸਹੂਲਤ ਨਹੀਂ ਦਿੰਦੇ। ਪਾਲਸੀਧਾਰਕ ਯੂਨਿਟ ਲਿੰਕਡ ਬੀਮਾ ਪ੍ਰੋਡਕਟਾਂ ਵਿੱਚ ਨਿਵੇਸ਼ ਕੀਤੇ ਪੈਸੇ ਪੰਜਵੇਂ ਸਾਲ ਦੇ ਅੰਤ ਤਕ ਪੂਰੀ ਤਰ੍ਹਾਂ ਜਾਂ ਆਂਸ਼ਿਕ ਰੂਪ ਵਿੱਚ ਸਮਰਪਣ ਨਹੀਂ ਕਰ ਸਕਦੇ/ਕਢਵਾ ਨਹੀਂ ਸਕਦੇ।"**

## ਐਸਬੀਆਈ ਲਾਈਫ਼ – ਸਮਾਰਟ ਇਲੀਟ ਕਿਉਂ?

ਤੁਹਾਡੀਆਂ ਰੀਝਾਂ ਜ਼ਿੰਦਗੀ ਵਿੱਚ ਬਿਹਤਰੀਨ ਅਤੇ ਕੁਝ ਜ਼ਿਆਦਾ ਹਾਸਲ ਕਰਨ ਦੀ ਪ੍ਰੇਰਨਾ ਦਿੰਦੀਆਂ ਹਨ। **ਐਸਬੀਆਈ ਲਾਈਫ਼ – ਸਮਾਰਟ ਇਲੀਟ** ਇਕ ਵਿਅਕਤੀਗਤ, ਯੂਨਿਟ-ਲਿੰਕਡ, ਨੌਨ-ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਪ੍ਰੋਡਕਟ ਹੈ, ਜੋ ਤੁਹਾਡੇ ਆਰਥਿਕ ਨਿਵੇਸ਼ਾਂ ਤੋਂ ਵੱਧ ਲਾਭ ਪਾਉਣ ਵਿੱਚ ਮਦਦ ਕਰਦਾ ਹੈ, ਤਾਂ ਜੋ ਤੁਸੀਂ ਬਾਜ਼ਾਰ ਨਾਲ ਜੁੜੇ ਮੁਨਾਫ਼ਿਆਂ ਰਾਹੀਂ ਆਪਣੇ ਸੁਪਨੇ ਸਾਕਾਰ ਕਰਨ ਦੀ ਸੁਤੰਤਰਤਾ ਦਾ ਆਨੰਦ ਮਾਣ ਸਕੋ ਅਤੇ ਆਪਣੇ ਆਪਣਿਆਂ ਦੇ ਭਵਿੱਖ ਨੂੰ ਸੁਰੱਖਿਅਤ ਕਰ ਸਕੋ।

- **ਸੁਰੱਖਿਆ** : ਆਪਣੀ ਸਹੂਲਤ ਅਨੁਸਾਰ ਸੀਮਤ ਮਿਆਦ ਲਈ ਜਾਂ ਸਿੰਗਲ ਪ੍ਰੀਮੀਅਮ ਭਰੋ ਅਤੇ ਪਾਲਸੀ ਦੀ ਪੂਰੀ ਮਿਆਦ ਦੌਰਾਨ ਫ਼ਾਇਦੇ ਮਾਣੋ।
- **ਦੋ ਸੁਰੱਖਿਆ ਵਿਕਲਪ** : ਗੋਲਡ ਵਿਕਲਪ ਅਤੇ ਪਲੈਟੀਨਮ ਵਿਕਲਪ; ਇਨ-ਬਿਲਟ 'ਦੁਰਘਟਨਾ ਲਾਭ' ਦੇ ਨਾਲ, ਜੋ ਦੁਰਘਟਨਾ ਵਿੱਚ ਮੌਤ ਅਤੇ ਦੁਰਘਟਨਾ ਨਾਲ ਸੰਪੂਰਨ ਅਤੇ ਸਥਾਈ ਅਪਾਹਜ (ਐਕਸੀਡੈਂਟਲ ਟੀਪੀਡੀ) ਹੋਣ ਤੇ ਵਾਧੂ ਬੀਮਾ ਸੁਰੱਖਿਆ ਦਿੰਦਾ ਹੈ।
- **8 ਵੱਖ-ਵੱਖ ਫ਼ੰਡ ਵਿਕਲਪਾਂ ਵਿੱਚ ਨਿਵੇਸ਼ ਕਰੋ** ਅਤੇ ਆਪਣੀ ਹੂਲਤ ਅਨੁਸਾਰ ਉਹਨਾਂ ਦਾ ਸੰਚਾਲਨ ਕਰੋ।
- **ਸਵਿੱਚ ਕਰਨ ਅਤੇ ਪ੍ਰੀਮੀਅਮ ਰੀਡਾਇਰੈਕਸ਼ਨ ਦੀਆਂ ਸਹੂਲਤਾਂ** ਤੁਹਾਨੂੰ ਆਪਣੇ ਨਿਵੇਸ਼ਾਂ ਦੇ ਸਰਗਰਮੀ ਨਾਲ ਸੰਚਾਲਨ ਦੀ ਸ਼ਕਤੀ ਦਿੰਦੀਆਂ ਹਨ।
- ਪਾਲਸੀ ਦੇ 6ਵੇਂ ਸਾਲ ਤੋਂ ਅੱਗੇ **ਪ੍ਰੀਮੀਅਮ ਦੇ ਵੰਡਾਰੇ ਦਾ ਕੋਈ ਖ਼ਰਚਾ ਨਹੀਂ**, ਜਿਸ ਨਾਲ ਤੁਹਾਡੇ ਫ਼ੰਡ ਦਾ ਮੁੱਲ ਵਧੇ।
- **ਨਗਦ ਪ੍ਰਾਪਤ ਕਰੋ** : ਪਾਲਸੀ ਦੇ 6ਵੇਂ ਸਾਲ ਤੋਂ ਅੱਗੇ ਆਂਸ਼ਿਕ ਪੈਸੇ ਕਢਵਾ ਕੇ **ਅਣਚਿਤਵੇ ਖ਼ਰਚੇ** ਪੂਰੇ ਕੀਤੇ ਜਾਂਦੇ ਹਨ।
- **ਕਰ ਲਾਭਾਂ ਦਾ ਫ਼ਾਇਦਾ ਲਓ***


**ਕਰ ਲਾਭ, ਇਨਕਮ ਟੈਕਸ ਕਾਨੂੰਨਾਂ ਦੀਆਂ ਧਾਰਾਵਾਂ ਦੇ ਅਨੁਸਾਰ ਹਨ ਅਤੇ ਸਮੇਂ-ਸਮੇਂ ਅਨੁਸਾਰ ਬਦਲ ਸਕਦੇ ਹਨ। ਹੋਰ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਕਰ ਸਲਾਹਕਾਰ ਨਾਲ ਸਲਾਹ ਮਸ਼ਵਿਰਾ ਕਰ ਲਓ।*

## ਉਦਾਹਰਨ


**ਸ਼੍ਰੀ ਮਹਿਰਾ ਨੇ ਹੇਠਾਂ ਦਿੱਤੇ ਵੇਰਵਿਆਂ ਅਨੁਸਾਰ ਐਸਬੀਆਈ ਲਾਈਫ਼ – ਸਮਾਰਟ ਇਲੀਟ ਪਾਲਸੀ ਲਈ ਹੈ :**

| | | |
|---|---|---|
| ਉਮਰ : 30 ਸਾਲ | ਪਲਾਨ ਟਾਈਪ : ਲਿਮਿਟੇਡ ਪ੍ਰੀਮੀਅਮ<br>ਵਕਫ਼ਾ : ਸਾਲਾਨਾ | ਪਾਲਸੀ ਦੀ ਮਿਆਦ : 20 ਸਾਲ<br>ਪ੍ਰੀਮੀਅਮ ਭਰਨ ਦੀ ਮਿਆਦ (PPT) : 10 ਸਾਲ |
| ਪ੍ਰੀਮੀਅਮ : ₹5,00,000 ਸਾਲਾਨਾ | ਮੂਲ ਬੀਮੇ ਦੀ ਰਕਮ : ₹35,00,000<br>ਪਲਾਨ ਵਿਕਲਪ-ਗੋਲਡ ਵਿਕਲਪ | ਫ਼ੰਡ : 100% ਇਕਵਿਟੀ ਇਲੀਟ ਫ਼ੰਡ II |

1. **ਪਰਿਪੱਕਤਾ ਲਾਭ** : ਮਿਆਦ ਪੂਰੀ ਹੋਣ ਦੀ ਮਿਤੀ ਵੇਲੇ, ਨਿਵੇਸ਼ ਦੇ ਫਰਜ਼ ਕੀਤੇ ਮੁਨਾਫ਼ਿਆਂ ਦੇ ਅਧਾਰ ਤੇ ਪਰਿਪੱਕਤਾ ਲਾਭ ਹੇਠਾਂ ਦਿੱਤੇ ਅਨੁਸਾਰ ਹਨ :




2. **ਮੌਤ ਤੋਂ ਬਾਅਦ ਲਾਭ** : 10ਵੇਂ ਪਾਲਸੀ ਸਾਲ ਦੇ ਅੰਤ ਤੇ ਬਦਕਿਸਮਤੀ ਨਾਲ ਸ਼੍ਰੀ ਮਹਿਰਾ ਦੀ ਮੌਤ ਹੋਣ ਦੇ ਮਾਮਲੇ ਵਿੱਚ, ਨਿਵੇਸ਼ ਦੇ ਫਰਜ਼ ਕੀਤੇ ਮੁਨਾਫ਼ਿਆਂ ਦੇ ਆਧਾਰ ਤੇ ਮੌਤ ਤੋਂ ਬਾਅਦ ਲਾਭ ਹੇਠਾਂ ਦਿੱਤੀ ਸੂਚੀ ਅਨੁਸਾਰ ਹਨ :




*^^ਫ਼ੰਡ ਦੇ ਮੁੱਲ/ਮੌਤ ਤੋਂ ਬਾਅਦ ਲਾਭ ਦੇ ਅੰਕੜੇ ਉਦਾਹਰਣ ਲਈ ਅਤੇ ਇੱਕ ਸਿਹਤਮੰਦ ਬੀਮੇ ਵਾਲੇ ਵਿਅਕਤੀ ਲਈ ਹਨ। ਕਿਰਪਾ ਕਰਕੇ ਨੋਟ ਕਰੋ ਕਿ ਉੱਪਰ ਦਿੱਤੀਆਂ @4% ਅਤੇ @8% ਸਾਲਾਨਾ ਦੀਆਂ ਕ੍ਰਮਵਾਰ ਫਰਜ਼ ਕੀਤੀਆਂ ਮੁਨਾਫ਼ੇ ਦੀਆਂ ਦਰਾਂ, ਲਾਗੂ ਸਾਰੇ ਖ਼ਰਚਿਆਂ ਤੇ ਵਿਚਾਰ ਕਰਨ ਤੋਂ ਬਾਅਦ ਇਹਨਾਂ ਦਰਾਂ ਤੇ ਕੇਵਲ ਉਦਾਹਰਣ ਲਈ ਹਨ। ਇਹ ਗਾਰੰਟੀਸ਼ੁਦਾ ਨਹੀਂ ਹਨ ਅਤੇ ਇਹ ਮੁਨਾਫ਼ਿਆਂ ਦੀਆਂ ਉੱਪਰਲੀਆਂ ਜਾਂ ਹੇਠਲੀਆਂ ਸੀਮਾਵਾਂ ਨਹੀਂ ਹਨ। ਯੂਨਿਟ ਲਿੰਕਡ ਜੀਵਨ ਬੀਮਾ ਪਾਲਸੀਆਂ ਬਾਜ਼ਾਰ ਦੇ ਜੋਖਮਾਂ ਅਧੀਨ ਹਨ। ਇਸ ਪਾਲਸੀ ਅਧੀਨ ਮੁਹੱਈਆ ਵੱਖ-ਵੱਖ ਫ਼ੰਡ, ਕੇਵਲ ਫ਼ੰਡਾਂ ਦੇ ਨਾਂ ਹਨ ਅਤੇ ਇਹ ਕਿਸੇ ਵੀ ਢੰਗ ਨਾਲ ਪਲਾਨਾਂ ਦੇ ਮਿਆਰ, ਉਨ੍ਹਾਂ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਅਤੇ ਮੁਨਾਫ਼ਿਆਂ ਦਾ ਸੰਕੇਤ ਨਹੀਂ ਦਿੰਦੇ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਖ਼ਾਸ ਆਪਣੀ ਪਾਲਸੀ ਦੇ ਫ਼ਾਇਦਿਆਂ ਦੀਆਂ ਉਦਾਹਰਣਾਂ ਲਈ ਬੇਨਤੀ ਕਰੋ।*

## ਯੋਜਨਾ ਦੇ ਵੇਰਵੇ

| | | | |
|---|---|---|---|
| **ਦਾਖ਼ਲੇ ਵੇਲੇ ਉਮਰ[1]** | **ਘੱਟੋ-ਘੱਟ :** 18 ਸਾਲ | **ਵੱਧ ਤੋਂ ਵੱਧ :**<br>ਲਿਮਿਟੇਡ ਪ੍ਰੀਮੀਅਮ ਪਲਾਨ ਲਈ : 55 ਸਾਲ<br>ਸਿੰਗਲ ਪ੍ਰੀਮੀਅਮ ਪਲਾਨ ਲਈ : 60 ਸਾਲ | |
| **ਮਿਆਦ ਪੂਰੀ ਹੋਣ ਵੇਲੇ ਵੱਧ ਤੋਂ ਵੱਧ ਉਮਰ[1]** | 65 ਸਾਲ | | |
| **ਪਲਾਨ ਦੀ ਕਿਸਮ** | ਲਿਮਿਟੇਡ ਪ੍ਰੀਮੀਅਮ/ਸਿੰਗਲ ਪ੍ਰੀਮੀਅਮ | | |
| **ਪ੍ਰੀਮੀਅਮ ਭਰਨ ਦੀ ਮਿਆਦ (ਪੀਪੀਟੀ) ਅਤੇ ਸਬੰਧਿਤ ਪਾਲਸੀ ਦੀ ਮਿਆਦ (ਪੀਟੀ)** | **ਪਲਾਨ ਦੀ ਕਿਸਮ** | **ਪਾਲਸੀ ਦੀ ਮਿਆਦ (ਸਾਲ)** | **ਪ੍ਰੀਮੀਅਮ ਭਰਨ ਦੀ ਮਿਆਦ (ਸਾਲ)** |
| | **ਲਿਮਿਟੇਡ ਪ੍ਰੀਮੀਅਮ ਪੇਮੈਂਟ ਟਰਮ (ਐਲਪੀਪੀਟੀ)** | 10-30 (ਦੋਵਾਂ ਸਮੇਤ) | 7 |
| | | 12-30 (ਦੋਵਾਂ ਸਮੇਤ) | 10 |
| | | 15-30 (ਦੋਵਾਂ ਸਮੇਤ) | 12 |
| | **ਸਿੰਗਲ ਪ੍ਰੀਮੀਅਮ** | 5 ਤੋਂ 30 (ਦੋਵਾਂ ਸਮੇਤ) | ਇਕ ਵਾਰ ਅਦਾਇਗੀ ਪਾਲਸੀ ਸ਼ੁਰੂ ਹੋਣ ਤੇ |
| **ਪ੍ਰੀਮੀਅਮ ਭਰਨ ਦੇ ਵਕਫ਼ੇ** | ਸਿੰਗਲ/ਸਾਲਾਨਾ/ਛਿਮਾਹੀ/ਤਿਮਾਹੀ/ਮਾਸਿਕ | | |
| **ਪ੍ਰੀਮੀਅਮ ਦੀ ਰਕਮ (₹100 ਦੇ ਗੁਣਜਾਂ ਵਿੱਚ)** | **ਪਲਾਨ ਦੀ ਕਿਸਮ** | **ਘੱਟੋ-ਘੱਟ (₹)** | **ਵੱਧ ਤੋਂ ਵੱਧ (₹)** |
| | **ਲਿਮਿਟੇਡ ਪ੍ਰੀਮੀਅਮ ਪੇਮੈਂਟ** | ਸਾਲਾਨਾ : ₹2,50,000 | ਕੋਈ ਸੀਮਾ ਨਹੀਂ ਜੋ ਬੋਰਡ ਦੁਆਰਾ ਮਨਜ਼ੂਰ ਅੰਡਰਰਾਈਟਿੰਗ ਨੀਤੀ ਦੇ ਅਧੀਨ ਹੈ |
| | | ਛਿਮਾਹੀ : ₹1,25,000 | |
| | | ਤਿਮਾਹੀ : ₹62,500 | |
| | | ਮਾਸਿਕ : ₹21,000 | |
| | **ਸਿੰਗਲ ਪ੍ਰੀਮੀਅਮ** | ₹2,50,000 | |
| **ਮੂਲ ਬੀਮੇ ਦੀ ਰਕਮ** | **ਪਲਾਨ ਦੀ ਕਿਸਮ** | **ਮੂਲ ਬੀਮੇ ਦੀ ਰਕਮ** | |
| | **ਲਿਮਿਟੇਡ ਪ੍ਰੀਮੀਅਮ ਪੇਮੈਂਟ ਟਰਮ (ਐਲਪੀਪੀਟੀ)** | 7 x ਸਾਲ ਦਾ ਪ੍ਰੀਮੀਅਮ[2] | |
| | **ਸਿੰਗਲ ਪ੍ਰੀਮੀਅਮ** | 1.25 x ਸਿੰਗਲ ਪ੍ਰੀਮੀਅਮ | |

[1]ਉਮਰ ਸਬੰਧੀ ਸਾਰੇ ਹਵਾਲੇ ਪਿਛਲੇ ਜਨਮ ਦਿਨ ਤੇ ਉਮਰ ਅਨੁਸਾਰ ਹਨ।
[2]ਜਿੱਥੇ ਵਾਰਸ਼ੀਕ੍ਰਿਤ ਜਾਂ ਸਾਲ ਦੇ ਪ੍ਰੀਮੀਅਮ ਦਾ ਮਤਲਬ ਹੈ ਇਕ ਸਾਲ ਵਿੱਚ ਲਾਗੂ ਕਰ ਛੱਡ ਕੇ ਭਰੀ ਜਾਣ ਵਾਲੀ ਪ੍ਰੀਮੀਅਮ ਦੀ ਰਕਮ।

ਵੱਖ-ਵੱਖ ਖ਼ਰਚੇ, ਜਿਵੇਂ 'ਪ੍ਰੀਮੀਅਮ ਦੇ ਵੰਡਾਰੇ ਦੇ ਖ਼ਰਚੇ', 'ਪਾਲਸੀ ਦੇ ਪ੍ਰਸ਼ਾਸਨਕ ਖ਼ਰਚੇ', 'ਫ਼ੰਡ ਦੇ ਪ੍ਰਬੰਧ ਦੇ ਖ਼ਰਚੇ' ਆਦਿ ਕੱਟੇ ਜਾਂਦੇ ਹਨ। ਪ੍ਰੀਮੀਅਮ ਦੇ ਵੰਡਾਰੇ ਦੇ ਖ਼ਰਚਿਆਂ ਅਤੇ ਮੌਤ-ਦਰ ਖ਼ਰਚਿਆਂ ਨੂੰ ਛੱਡ ਕੇ ਬਾਕੀ ਸਾਰੇ ਖ਼ਰਚੇ ਆਈਆਰਡੀਏਆਈ ਦੀ ਅਗਾਊਂ ਮਨਜ਼ੂਰੀ ਨਾਲ ਸੋਧੇ ਜਾ ਸਕਦੇ ਹਨ।

ਖ਼ਰਚਿਆਂ ਦੀ ਪੂਰੀ ਸੂਚੀ ਅਤੇ ਉਹਨਾਂ ਦੀ ਕਾਰਜ-ਵਿਧੀ ਲਈ, ਕਿਰਪਾ ਕਰਕੇ ਵਿੱਕਰੀ ਪਰਚਾ ਵੇਖੋ।

ਪਹਿਲੇ 5 ਪਾਲਸੀ ਸਾਲਾਂ ਵਿੱਚ ਸਮਰਪਣ ਦੀ ਬੇਨਤੀ ਦੇ ਮਾਮਲੇ ਵਿੱਚ, ਫ਼ੰਡ ਦਾ ਮੁੱਲ 6ਵੇਂ ਪਾਲਸੀ ਸਾਲ ਦੇ ਪਹਿਲੇ ਕਾਰੋਬਾਰੀ ਦਿਨ ਨੂੰ ਦਿੱਤਾ ਜਾਵੇਗਾ। ਸਮਰਪਣ ਦੀ ਬੇਨਤੀ 5 ਪਾਲਸੀ ਸਾਲਾਂ ਤੋਂ ਬਾਅਦ ਆਉਣ ਦੇ ਮਾਮਲੇ ਵਿੱਚ ਫ਼ੰਡ ਦਾ ਮੁੱਲ ਤੁਰੰਤ ਦੇ ਦਿੱਤਾ ਜਾਵੇਗਾ।

## ਛੋਟਾਂ ਦੀ ਮਨਾਹੀ

**ਸਮੇਂ-ਸਮੇਂ ਤੇ ਸੋਧੀ ਬੀਮਾ ਕਾਨੂੰਨ, 1938 ਦੀ ਧਾਰਾ 41 ਕਹਿੰਦੀ ਹੈ :**

ਕ) ਕੋਈ ਵੀ ਵਿਅਕਤੀ, ਕਿਸੇ ਵੀ ਵਿਅਕਤੀ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਭਾਰਤ ਵਿੱਚ ਜੀਵਨ ਜਾਂ ਜਾਇਦਾਦ ਸਬੰਧੀ ਕਿਸੇ ਵੀ ਤਰ੍ਹਾਂ ਦੇ ਜੋਖਮ ਦਾ ਬੀਮਾ ਕਰਵਾਉਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ ਕਿਸੇ ਤਰ੍ਹਾਂ ਦਾ ਲਾਲਚ ਨਹੀਂ ਦੇਵੇਗਾ ਜਾਂ ਪੇਸ਼ ਨਹੀਂ ਕਰੇਗਾ, ਭਾਵੇਂ ਇਹ ਮਿਲਣ ਵਾਲੇ ਕਮਿਸ਼ਨ ਦੇ ਪੂਰੇ ਜਾਂ ਇਕ ਹਿੱਸੇ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਜਾਂ ਪਾਲਸੀ ਉੱਤੇ ਵਿਖਾਏ ਗਏ ਪ੍ਰੀਮੀਅਮ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਅਤੇ ਨਾ ਹੀ ਕੋਈ ਵਿਅਕਤੀ ਪਾਲਸੀ ਲੈਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ, ਸਿਰਫ਼ ਉਸ ਛੂਟ ਨੂੰ ਛੱਡ ਕੇ ਕੋਈ ਹੋਰ ਛੋਟ ਸਵੀਕਾਰ ਕਰੇਗਾ, ਜੋ ਛਪੀ ਹੋਈ ਪ੍ਰਾਸਪੈਕਟਸ ਜਾਂ ਬੀਮਾਕਰਤਾ ਦੀ ਸੂਚੀ ਅਨੁਸਾਰ ਦਿੱਤੀ ਜਾ ਸਕਦੀ ਹੋਵੇ।

ਖ) ਅਜਿਹਾ ਕੋਈ ਵੀ ਵਿਅਕਤੀ ਜੋ ਇਸ ਧਾਰਾ ਦੀਆਂ ਸ਼ਰਤਾਂ ਉੱਤੇ ਅਮਲ ਕਰਨ ਵਿੱਚ ਅਣਗਹਿਲੀ ਕਰਦਾ ਹੈ, ਉਹ ਦੰਡ ਦਾ ਪਾਤਰ ਹੋਵੇਗਾ, ਜੋ ਦਸ ਲੱਖ ਰੁਪਏ ਤਕ ਹੋ ਸਕਦਾ ਹੈ।

**Toll-free No.:** 1800 267 9090 | SMS '**LIBERATE**' to 56161 | **Email:** info@sbilife.co.in | **Web:** www.sbilife.co.in
(Between 9.00 am & 9.00 pm)

ਐਸਬੀਆਈ ਲਾਈਫ਼ - ਸਮਾਰਟ ਇਲੀਟ ਇੱਕ ਵਿਅਕਤੀਗਤ, ਯੂਨਿਟ-ਲਿੰਕਡ, ਨੌਨ-ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਪ੍ਰੋਡਕਟ ਹੈ।

**ਨਕਲੀ ਫੋਨ ਕਾਲਾਂ ਅਤੇ ਕਾਲਪਨਿਕ ਅਤੇ ਧੋਖਾਧੜੀ ਵਾਲੀਆਂ ਪੇਸ਼ਕਸ਼ਾਂ ਤੋਂ ਸਾਵਧਾਨ ਰਹੋ :**
IRDAI ਬੀਮਾ ਪਾਲਸੀਆਂ ਦੀ ਵਿੱਕਰੀ, ਬੋਨਸ ਦੀ ਘੋਸ਼ਣਾ ਜਾਂ ਪ੍ਰੀਮਿਅਮਾਂ ਦੇ ਨਿਵੇਸ਼ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਨਹੀਂ ਹੈ। ਅਜਿਹੀਆਂ ਕਾਲਾਂ ਪ੍ਰਾਪਤ ਕਰਨ ਵਾਲੀ ਜਨਤਾ ਨੂੰ ਪੁਲਿਸ ਕੋਲ ਸ਼ਿਕਾਇਤ ਦਰਜ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

ਯੂਨਿਟ ਲਿੰਕਡ ਜੀਵਨ ਬੀਮਾ ਪਾਲਸੀਆਂ ਰਵਾਇਤੀ ਬੀਮਾ ਪਾਲਸੀਆਂ ਨਾਲੋਂ ਵੱਖਰੀਆਂ ਅਤੇ ਬਾਜ਼ਾਰ ਜੋਖਮ ਤੱਤਾਂ ਅਧੀਨ ਹਨ। ਯੂਨਿਟ ਲਿੰਕਡ ਬੀਮਾ ਪਾਲਸੀਆਂ ਵਿੱਚ ਭਰੇ ਪ੍ਰੀਮੀਅਮ, ਪੂੰਜੀ ਬਾਜ਼ਾਰ ਨਾਲ ਜੁੜੇ ਨਿਵੇਸ਼ ਜੋਖਮਾਂ ਅਧੀਨ ਹੁੰਦੇ ਹਨ ਅਤੇ ਯੂਨਿਟਾਂ ਦੇ ਐੱਨਏਵੀ ਫ਼ੰਡ ਦੀ ਕਾਰਗੁਜ਼ਾਰੀ ਅਤੇ ਪੂੰਜੀ ਬਾਜ਼ਾਰ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਅਨੁਸਾਰ ਵੱਧ ਜਾਂ ਘੱਟ ਹੋ ਸਕਦੇ ਹਨ ਅਤੇ ਪਾਲਸੀਧਾਰਕ/ਬੀਮੇ ਵਾਲਾ ਵਿਅਕਤੀ ਆਪਣੇ ਫ਼ੈਸਲਿਆਂ ਲਈ ਆਪ ਜ਼ਿੰਮੇਵਾਰ ਹੈ। ਐਸਬੀਆਈ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਿਟੇਡ, ਕੇਵਲ ਬੀਮਾ ਕੰਪਨੀ ਦਾ ਨਾਂ ਹੈ ਅਤੇ ਐਸਬੀਆਈ ਲਾਈਫ਼ - ਸਮਾਰਟ ਇਲੀਟ ਕੇਵਲ ਯੂਨਿਟ ਲਿੰਕਡ ਜੀਵਨ ਬੀਮਾ ਪਾਲਸੀਆਂ ਦੇ ਨਾਂ ਹਨ ਅਤੇ ਇਹ ਕਿਸੇ ਵੀ ਤਰ੍ਹਾਂ ਪਾਲਸੀਆਂ ਦੇ ਮਿਆਰ, ਇਸ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਜਾਂ ਮੁਨਾਫ਼ਿਆਂ ਦਾ ਸੰਕੇਤ ਨਹੀਂ ਦਿੰਦੇ। ਕਿਰਪਾ ਕਰਕੇ ਸਬੰਧਿਤ ਜੋਖਮ ਅਤੇ ਲਾਗੂ ਖ਼ਰਚੇ ਆਪਣੇ ਬੀਮਾ ਏਜੰਟ ਜਾਂ ਸਾਲਸ ਜਾਂ ਬੀਮਾ ਕੰਪਨੀ ਦੁਆਰਾ ਜਾਰੀ ਕੀਤੇ ਗਏ ਦਸਤਾਵੇਜ਼ ਤੋਂ ਪਤਾ ਕਰੋ। ਇਸ ਇਕਰਾਰਨਾਮੇ ਅਧੀਨ ਮੁਹੱਈਆ ਵੱਖ-ਵੱਖ ਫ਼ੰਡ, ਕੇਵਲ ਫ਼ੰਡਾਂ ਦੇ ਨਾਂ ਹਨ ਅਤੇ ਇਹ ਕਿਸੇ ਵੀ ਢੰਗ ਨਾਲ ਪਲਾਨਾਂ ਦੇ ਮਿਆਰ, ਉਨ੍ਹਾਂ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਜਾਂ ਮੁਨਾਫ਼ਿਆਂ ਦਾ ਸੰਕੇਤ ਨਹੀਂ ਦਿੰਦੇ। ਫ਼ੰਡ ਦੇ ਵਿਕਲਪਾਂ ਦੀ ਪਿਛਲੀ ਕਾਰਗੁਜ਼ਾਰੀ ਭਵਿੱਖ ਦੀ ਕਾਰਗੁਜ਼ਾਰੀ ਦੀ ਸੂਚਕ ਨਹੀਂ ਹੈ। ਇਸ ਪਾਲਸੀ ਦੇ ਅਧੀਨ ਅਦਾਯੋਗ ਸਾਰੇ ਲਾਭ ਕਰ ਕਾਨੂੰਨਾਂ ਅਤੇ ਸਮੇਂ-ਸਮੇਂ ਤੇ ਲਾਗੂ ਦੂਜੇ ਆਰਥਿਕ ਕਾਨੂੰਨਾਂ ਦੇ ਅਧੀਨ ਹਨ। ਵੇਰਵਿਆਂ ਲਈ ਕਿਰਪਾ ਕਰਕੇ ਆਪਣੇ ਕਰ ਸਲਾਹਕਾਰ ਦੀ ਸਲਾਹ ਲਓ। ਜੋਖਮ ਤੱਤਾਂ, ਨਿਯਮਾਂ ਅਤੇ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਵਿਕਰੀ ਪੂਰੀ ਹੋਣ ਤੋਂ ਪਹਿਲਾਂ ਸੇਲਜ਼ ਬ੍ਰੋਸ਼ਰ ਧਿਆਨ ਨਾਲ ਪੜ੍ਹੋ। ਉੱਪਰ ਵਿਖਾਇਆ ਗਿਆ ਟਰੇਡ ਲੋਗੋ ਭਾਰਤੀ ਸਟੇਟ ਬੈਂਕ ਦੀ ਸੰਪੱਤੀ ਹੈ ਅਤੇ ਐਸਬੀਆਈ ਲਾਈਫ਼ ਦੁਆਰਾ ਲਾਈਸੈਂਸ ਅਧੀਨ ਵਰਤਿਆ ਗਿਆ ਹੈ। ਐਸਬੀਆਈ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਿਟੇਡ, ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ : ਨਟਰਾਜ, ਐਮ. ਵੀ. ਰੋਡ ਅਤੇ ਵੈਸਟਰਨ ਐਕਸਪ੍ਰੈਸ ਹਾਈਵੇ ਜੰਕਸ਼ਨ, ਅੰਧੇਰੀ (ਪੂਰਬ), ਮੁੰਬਈ- 400069. **IRDAI ਰਜਿਸਟ੍ਰੇਸ਼ਨ ਨੰਬਰ 111** | CIN : L99999MH2000PLC129113.

NW/53/ver1/12/21/SP/PUN